## TODAY'S HUKAMNAMA FROM SRI DARBAR SAHIB
## Sri Amritsar.

**[June 26, 2013, Wednesday 04:30 AM. IST]**

ਟੋਡੀ ਮਹਲਾ ੫ ॥

ਗਰਬਿ ਗਹਿਲੜੋ ਮੂੜੜੋ ਹੀਓ ਰੇ ॥ ਹੀਓ ਮਹਰਾਜ ਰੀ ਮਾਇਓ ॥ ਡੀਹਰ ਨਿਆਈ ਮੋਹਿ ਫਾਕਿਓ ਰੇ ॥ ਰਹਾਉ ॥ ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ ॥ ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥ ਸੁਣਿ ਮਨ ਸੀਖ ਸਾਧੂ ਜਨ ਸਗਲੋ ਥਾਰੇ ਸਗਲੇ ਪ੍ਰਾਛਤ ਮਿਟਿਓ ਰੇ ॥ ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ ॥੨॥੨॥੧੯॥

ਪੰਜਾਬੀ ਵਿਆਖਿਆ:

ਇਸ ਸ਼ਬਦ ਦੀ ਬੋਲੀ ਰਾਜਸਥਾਨੀ ਤੇ ਹਰਿਆਣਵੀ ਮਿਲੀ ਜੁਲੀ ਹੈ ਜੋ ਦੇਹਾਤੀ ਇਲਾਕਿਆਂ ਵਿਚ ਬੋਲੀ ਜਾਂਦੀ ਹੈ ।ਸ਼ਬਦ ਦਾ ਭਾਵ ਹੈ ਸਾਡੇ ਮਨ ਨੂੰ ਹੰਕਾਰ ਤੇ ਮੋਹ ਮਾਇਆ ਚਮੜੀ ਹੋਈ ਹੈ ਜਿਵੇਂ ਮੱਛੀ ਖਾਣ ਦੇ ਲੋਭ ਕਰਕੇ ਸ਼ਿਕਾਰੀ ਦੀ ਕੁੰਡੀ ਵਿਚ ਫਸ ਜਾਂਦੀ ਹੈ ਇਸੇ ਤਰ੍ਹਾਂ ਮਨੁੱਖ ਸੰਸਾਰ ਦੀ ਮੋਹ ਮਾਇਆ ਵਿਚ ਫਸ ਕੇ ਆਪਣੀ ਆਤਮਕ ਮੌਤ ਸਹੇੜ ਲੈਂਦਾ ਹੈ ।ਇਸ ਤੋਂ ਛੁਟਕਾਰੇ ਦਾ ਇਕੋ ਇਕ ਸਾਧਨ ਸਤਿਸੰਗਤ ਦਾ ਮੇਲ ਤੇ ਗੁਰੂ ਪਿਆਰੇ ਸਾਧੂ ਜਨਾ ਤੋਂ ਨਾਮ ਦੀ ਸਿੱਖਿਆ ਪ੍ਰਾਪਤ ਕਰਨੀ ਜਿਸ ਨਾਲ ਮੋਹ ਮਾਇਆ ਦੇ ਬੰਧਨ ਕੱਟੇ ਜਾਂਦੇ ਹਨ ਤੇ ਮੁਕਤ ਪਦ ਦੀ ਪ੍ਰਾਪਤੀ ਹੁੰਦੀ ਹੈ ।